# ਚਿੰਤਕਾਂ ਲਈ ਚਿੰਤਾ ਦਾ ਵੇਲਾ

**ਗੁਰਸ਼ਰਨ ਸਿੰਘ**

**ਸਾਡੇ** ਧਾਰਮਿਕ ਅਸਥਾਨਾਂ ਤੇ ਬਹੁਤ ਕੁੱਝ ਐਸਾ ਵਾਪਰਦਾ ਹੈ, ਜੋ ਸਮਾਜਿਕ ਤੌਰ 'ਤੇ ਗ਼ਲਤ ਹੈ। ਲੇਖਕਾਂ ਨੇ ਉਨ੍ਹਾਂ ਬਾਰੇ ਲਿਖਣਾ ਹੀ ਲਿਖਣਾ ਹੈ। ਨਾਟਕਕਾਰਾਂ ਨੇ ਉਨ੍ਹਾਂ ਬਾਰੇ ਨਾਟਕਾਂ ਦੀ ਪੇਸ਼ਕਾਰੀ ਕਰਨੀ ਹੀ ਕਰਨੀ ਹੈ ਅਤੇ ਫ਼ਿਲਮ ਵਾਲਿਆਂ ਨੇ ਫ਼ਿਲਮਾਂ ਬਣਾਉਣੀਆਂ ਹੀ ਬਣਾਉਣੀਆਂ ਹਨ। ਧਾਰਮਿਕ ਕੱਟੜਵਾਦੀਆਂ ਨੂੰ ਇਨ੍ਹਾਂ ਕਲਾਕਿਰਤਾਂ ਬਾਰੇ ਤਕਲੀਫ਼ ਹੋਵੇ ਇਹ ਵੀ ਇਕ ਸੁਭਾਵਿਕ ਗੱਲ ਹੈ। ਇਸ ਸਿਲਸਿਲੇ ਵਿਚ ਦੀਪਾ ਮਹਿਤਾ ਦੀ ਫ਼ਿਲਮ 'ਵਾਟਰ' ਆਉਂਦੀ ਹੈ। ਇਸ ਫ਼ਿਲਮ ਨੂੰ ਬਣਾਉਣ ਦੀ ਇਜਾਜ਼ਤ ਦੀਪਾ ਮਹਿਤਾ ਨੇ ਕੇਂਦਰੀ ਸਰਕਾਰ ਤੋਂ ਬਾਕਾਇਦਾ ਤੌਰ 'ਤੇ ਲਈ ਹੋਈ ਹੈ ਕਿਉਂਕਿ ਇਹ ਮਹਿਕਮਾ ਕੇਂਦਰ ਦੇ ਅਧਿਕਾਰਾਂ ਦਾ ਹੈ, ਪਰ ਇਸ ਫ਼ਿਲਮ ਦੇ ਸੈੱਟ, ਜੋ ਵਾਰਾਨਸੀ ਸ਼ਹਿਰ ਵਿਚ ਬਣਾਏ ਗਏ ਸਨ, ਆਰ. ਐਸ. ਐਸ. ਦੇ ਵਾਲੰਟੀਅਰਾਂ ਨੇ ਤੋੜ ਦਿੱਤੇ ਹਨ ਅਤੇ ਯੂ. ਪੀ. ਸਰਕਾਰ ਨੇ ਕਿਸੇ ਕਿਸਮ ਦੀ ਸੁਰੱਖਿਆ ਦੇਣ ਤੋਂ ਆਪਣੀ ਅਸਮਰਥਾ ਜ਼ਾਹਿਰ ਕਰ ਦਿੱਤੀ ਹੈ।

ਦੇਸ਼ ਦੇ ਕਲਾ ਖੇਤਰ ਵਿਚ ਇਹ ਘਟਨਾ ਬੜੇ ਚੈਲਿੰਜ ਦੇ ਰੂਪ ਵਿਚ ਉੱਭਰ ਰਹੀ ਹੈ। ਇਸ ਬਾਰੇ ਅਖ਼ਬਾਰਾਂ ਵਿਚ ਬੜਾ ਚਰਚਾ ਹੈ। ਜੇ ਕਿਸੇ ਸਮਾਜਿਕ ਰੀਤੀ ਜਾਂ ਕੁਰੀਤੀ ਬਾਰੇ ਕਲਾਕਾਰ ਟਿੱਪਣੀ ਨਹੀਂ ਕਰ ਸਕਦਾ ਤਾਂ ਕਲਾ ਅਤੇ ਸਾਹਿਤ ਦਾ ਸਾਰਾ ਮੰਤਵ ਹੀ ਮੁੱਕ ਜਾਂਦਾ ਹੈ। ਦੀਪਾ ਮਹਿਤਾ ਦੀ ਪਹਿਲੀ ਫ਼ਿਲਮ 'ਫ਼ਾਇਰ' ਬਾਰੇ ਵੀ ਵਾਦ-ਵਿਵਾਦ ਛਿੜਿਆ ਰਿਹਾ ਸੀ।

ਦੀਪਾ ਮਹਿਤਾ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਦੀਪਾ ਮਹਿਤਾ ਜਾਣ ਬੁੱਝ ਕੇ ਐਸੇ ਵਿਸ਼ੇ ਚੁਣਦੀ ਹੈ, ਜਿਹੜੇ ਵਾਦ-ਵਿਵਾਦ ਵਾਲੇ ਹੋਣ, ਇਸ ਨਾਲ ਉਸ ਨੂੰ ਪ੍ਰਸਿੱਧਤਾ ਵੀ ਮਿਲਦੀ ਹੈ ਤੇ ਫ਼ਿਲਮ ਬਣਨ ਜਾਂ ਰਿਲੀਜ਼ ਹੋਣ ਤੋਂ ਪਹਿਲਾਂ ਹੀ ਚਰਚਾ ਵਿਚ ਆ ਜਾਂਦੀ ਹੈ। ਇਹ ਬੜੀ ਹੀ ਫ਼ਜ਼ੂਲ ਦਲੀਲ ਹੈ। ਦੀਪਾ ਮਹਿਤਾ ਇਕ ਫ਼ਿਲਮ ਬਣਾਉਣ ਵਾਲੀ ਕਲਾਕਾਰ ਹੈ। ਉਹਦੀ ਬੁਨਿਆਦੀ ਸੋਚ ਔਰਤਾਂ ਉੱਤੇ ਹੋ ਰਹੇ ਦਮਨ ਬਾਰੇ ਫ਼ਿਕਰ 'ਤੇ ਆਧਾਰਤ ਹੈ। ਉਹਨੇ ਵਿਸ਼ੇ ਉਹੀ ਚੁਣਨੇ ਹਨ, ਜੋ ਇਸ ਫ਼ਿਕਰ ਨਾਲ ਸਬੰਧਤ ਹੋਣ। ਇਹ ਅੱਗੋਂ ਇਕ ਸਚਾਈ ਹੈ ਕਿ ਔਰਤਾਂ 'ਤੇ ਦਮਨ ਧਾਰਮਿਕ ਰਹੁ-ਰੀਤੀਆਂ ਨਾਲ ਵੀ ਜੁੜਿਆ ਹੁੰਦਾ ਹੈ। ਸੋ ਦੀਪਾ ਮਹਿਤਾ ਨੇ ਇਹ ਵਿਸ਼ੇ ਲੈਣੇ ਹੀ ਲੈਣੇ ਹਨ। ਇਹ ਉਹਦੀ ਸਿਰਜਣਾਤਮਕ ਕ੍ਰਿਆ ਦਾ ਹਿੱਸਾ ਹਨ। ਉਂਝ ਇਹ ਦੇਸ਼ ਦੀ ਬਦਕਿਸਮਤੀ ਹੈ ਕਿ ਸਰਕਾਰ ਇਸ ਵੇਲੇ ਕੇਂਦਰ ਵਿਚ ਵੀ ਤੇ ਹੋਰ ਕਈ ਸੂਬਿਆਂ ਵਿਚ ਉਨ੍ਹਾਂ ਦੇ ਹੱਥ ਹੈ, ਜਿਨ੍ਹਾਂ ਦਾ ਸਾਰਾ ਫ਼ਲਸਫ਼ਾ ਪ੍ਰੰਪਰਾਵਾਦ ਦੀ ਰੱਖਿਆ ਹੈ। ਪ੍ਰੰਪਰਾਵਾਦ ਨੂੰ ਚੁਣੌਤੀ ਅੱਜ ਦੇ ਚਿੰਤਕਾਂ ਦੀ ਚਿੰਤਾ ਹੈ।

ਸ਼ੁੱਕਰਵਾਰ 4 ਜਨਵਰੀ ਦੀ ਗੱਲ ਹੈ ਕਿ ਬਨਾਰਸ ਵਿਚ ਹੋਈ ਗੁੰਡਾਗਰਦੀ ਦੇ ਖ਼ਿਲਾਫ਼ ਚੰਡੀਗੜ੍ਹ ਦੇ ਕਲਾਕਾਰ, ਲੇਖਕ, ਵਕੀਲ, ਪ੍ਰੋਫ਼ੈਸਰ, ਡਾਕਟਰ, ਸਾਹਿਤ ਚਿੰਤਨ ਦੇ ਸੱਦੇ 'ਤੇ ਇਕ ਰੋਸ ਪ੍ਰਦਰਸ਼ਨ ਕਰ ਰਹੇ ਸਨ। ਉਥੇ ਹੀ 17 ਸੈਕਟਰ ਵਿਚ ਕੁੱਝ ਬੱਚੇ ਢੋਲਕ ਲੈ ਕੇ ਤਮਾਸ਼ਾ ਕਰ ਰਹੇ ਸਨ ਤੇ ਬਾਅਦ ਵਿਚ ਥਾਲੀ ਘੁੰਮਾ ਕੇ ਲੋਕਾਂ ਕੋਲੋਂ ਪੈਸੇ ਮੰਗਦੇ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਤਰਲਾ ਸੀ। ਇਕ ਪ੍ਰੈਸ ਫ਼ੋਟੋਗ੍ਰਾਫ਼ਰ ਨੇ ਉਨ੍ਹਾਂ ਦੀ ਫ਼ੋਟੋ ਲਈ। ਇਹ ਫ਼ੋਟੋ 5 ਜਨਵਰੀ ਦੀ ਚੰਡੀਗੜ੍ਹ ਦੀ 'ਨਿਊਜ਼ ਲਾਈਨ' ਵਿਚ ਆਈ ਵੀ ਹੈ। ਇਕ ਵਿਅਕਤੀ ਨੇ ਟਿੱਪਣੀ ਕੀਤੀ 'ਜੇਕਰ ਇਹ ਫ਼ੋਟੋ ਕਿਸੇ ਬਾਹਰਲੇ ਮੁਲਕ ਦੀ ਅਖ਼ਬਾਰ ਵਿਚ ਛਪ ਜਾਏ ਤਾਂ ਉਹ ਕੀ ਸੋਚਣਗੇ ਕਿ ਇੰਡੀਆ ਵਿਚ ਬੱਚਿਆਂ ਦੀ ਇਹ ਹਾਲਤ ਹੈ ਕਿ ਉਹ ਸੜਕਾਂ 'ਤੇ ਤਮਾਸ਼ਾ ਦਿਖਾ ਕੇ ਭਿੱਖਿਆ ਮੰਗਦੇ ਹਨ? ਨਾਲ ਖੜ੍ਹੇ ਇਕ ਹੋਰ ਵਿਅਕਤੀ ਦੀ ਟਿੱਪਣੀ ਸੀ-ਜੇ ਅਸਲੀਅਤ ਬਾਹਰਲੇ ਦੇਸ਼ਾਂ ਦੇ ਲੋਕਾਂ ਅੱਗੇ ਆ ਜਾਏ ਤਾਂ ਇਸ ਵਿਚ ਭਲਾ ਕੀ ਹਰਜਾ ਹੈ?

ਬਹੁਤ ਸਾਰੀਆਂ ਸਚਾਈਆਂ ਇਸ ਮੁਲਕ ਦੇ ਬਾਰੇ ਇਹੋ ਜਿਹੀਆਂ ਹਨ ਜਿਹੜੀਆਂ ਦੇਸ਼ ਲਈ ਸ਼ਰਮ ਵਾਲੀਆਂ ਹਨ। ਇਨ੍ਹਾਂ ਸ਼ਰਮ ਵਾਲੀਆਂ ਗੱਲਾਂ 'ਤੇ ਪਰਦਾ ਠੀਕ ਨਹੀਂ, ਸਗੋਂ ਇਹ ਬਾਹਰ ਆਉਣੀਆਂ ਚਾਹੀਦੀਆਂ ਹਨ ਤਾਂ ਹੀ ਕੌਮ ਇਨ੍ਹਾਂ ਬਾਰੇ ਕੋਈ ਫ਼ਿਕਰ ਕਰੇਗੀ। ਦੀਪਾ ਮਹਿਤਾ ਜੇ ਕਿਸੇ ਵਿਧਵਾ ਆਸ਼ਰਮ ਵਿਚ ਹੋ ਰਹੇ ਕਿਸੇ ਦੁਰਾਚਾਰ ਨੂੰ ਨੰਗਾ ਕਰਦੀ ਹੈ ਤਾਂ ਇਹ ਉਸਦੇ ਦੇਸ਼ ਲਈ ਚੰਗੇ ਫ਼ਿਕਰ ਦੀ ਨਿਸ਼ਾਨੀ ਹੈ। ਫ਼ਿਲਮ ਇਕ ਮਹਿੰਗੀ ਕਲਾ ਹੈ। ਇਸ ਵਿਚ ਬਹੁਤ ਪੈਸਾ ਅਤੇ ਮਿਹਨਤ ਲਗਦੀ ਹੈ। ਚਿੰਤਕਾਂ ਦਾ ਫ਼ਰਜ਼ ਹੈ ਕਿ ਉਹ ਦੀਪਾ ਮਹਿਤਾ ਦੇ ਹੱਕ ਵਿਚ ਤੇ ਗੁੰਡਾਗਰਦੀ ਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ।

6th Feb.